# ਗਠੀਆ

ਇਹ ਕਿਤਾਬਚਾ ਤੁਹਾਨੂੰ ਗਠੀਏ ਅਤੇ ਜੋੜਾਂ ਦੀਆਂ ਹੋਰ ਤਕਲੀਫਾਂ ਬਾਰੇ ਮਹੱਤਵਪੂਰਨ ਜਾਣਕਾਰੀ ਦੇਣ ਲਈ ਤਿਆਰ ਕੀਤਾ ਗਿਆ ਹੈ । ਇਹ ਤੁਹਾਨੂੰ ਗਠੀਆ ਖੋਜ ਕੰਪੇਨ ਬਾਰੇ ਵੀ ਜਾਣਕਾਰੀ ਪ੍ਰਦਾਨ ਕਰੇਗਾ ਕਿ **ਏ.ਆਰ.ਸੀ** ਇਸ ਨਾਮੁਰਾਦ ਬਿਮਾਰੀ ਨਾਲ ਲੜਨ ਲਈ ਕੀ ਕਰ ਰਹੀ ਹੈ ।

## ਗਠੀਆ ਅਤੇ ਵਾਤ (ਰਿਊਮੈਟਿਜ਼ਮ) ਕੀ ਕੋਈ ਫਰਕ ਹੈ ?

ਲੋਕ ਅਕਸਰ ਇਹਨਾਂ ਦੋ ਸ਼ਬਦਾਂ ਬਾਰੇ ਭੁਲੇਖੇ ਵਿਚ ਪੈ ਜਾਂਦੇ ਹਨ ।

'ਗਠੀਏ' ਦਾ ਮਤਲਬ ਹੈ ਜੋੜਾਂ ਦੀ ਬਿਮਾਰੀ ਅਤੇ 'ਵਾਤ' ( ਰੀਊਮੈਟਿਜ਼ਮ) ਜੋ ਕਿ ਬਹੁਤ ਹੀ ਆਮ ਸ਼ਬਦ ਹੈ ਹੱਡੀਆਂ, ਮਾਸਪੇਸ਼ੀਆਂ ਜਾਂ ਜੋੜਾਂ ਦੇ ਵਿਚ ਜਾਂ ਉਨ੍ਹਾਂ ਦੇ ਦੁਆਲੇ ਕਿਸੇ ਵੀ ਪ੍ਰਕਾਰ ਦੀ

ਦਰਦ ਨੂੰ ਬਿਆਨ ਕਰਨ ਲਈ ਵਰਤਿਆ ਜਾਂਦਾ ਹੈ । ‘ਵਾਤ’ ਸ਼ਬਦ ਹਰ ਪ੍ਰਕਾਰ ਦੇ ਗਠੀਏ ਅਤੇ ਵਾਤ ਦਾ ਹਵਾਲਾ ਦੇਣ ਲਈ ਵਰਤਿਆ ਜਾਂਦਾ ਹੈ ।

ਵਾਤ ਦੀ ਬਿਮਾਰੀ ਦੀਆਂ ਚਾਰ ਮੁੱਖ ਕਿਸਮਾ :
ਵਾਤ ਦੀ ਬਿਮਾਰੀ ਦੀਆਂ ੨●● ਵੱਖਰੀਆਂ ਵੱਖਰੀਆਂ ਕਿਸਮਾ ਹਨ । ਇਨ੍ਹਾਂ ਨੂੰ ਚਾਰ ਭਾਗਾਂ ਵਿਚ ਵੰਡਿਆ ਗਿਆ ਹੈ ।

## 1. ਸੋਜਿਸ਼ ਪੈਦਾ ਕਰਨ ਵਾਲਾ ਗਠੀਆ (ਜੋੜਾਂ ਦਾ ਦਰਦ)

ਇਸ ਕਿਸਮ ਦੇ ਜੋੜਾਂ ਦੇ ਦਰਦ ਵਿਚ ਜੋੜਾਂ ਦੇ ਦੁਆਲੇ ਸੋਜ਼ਿਸ਼ ਆ ਜਾਂਦੀ ਹੈ ਇਹ ਜੋੜ ਦੇ ਤਲ ਅਤੇ ਉਸ ਦੇ ਹੇਠਾਂ ਹੱਡੀ ਨੂੰ ਵੀ ਨੁਕਸਾਨ ਪੁਚਾ ਸਕਦੀ ਹੈ । ਇਹ ਸਿਰਫ ਇਸ ਦੀ ਉਦਾਹਰਣ

ਹੈ ਪਰ ਭੜਕਾਉਣ ਵਾਲੇ ਗਠੀਏ ਦੀਆਂ ਹੋਰ ਵੀ ਕਈ ਕਿਸਮਾਂ ਹਨ ਜਿਵੇਂ :

- ਗੌਟ (ਜੋੜਾਂ ਵਿਚ ਪੀੜ ਅਤੇ ਸੋਜ ਦਾ ਰੋਗ)
- ਪ੍ਰਤਿਕਾਰਿਤ ਗਠੀਆ
- ਵੱਡੀ ਆਦਰ ਦੀ ਸੋਜ਼ਿਸ਼ ਜਾਂ ਚੰਬਲ ਨਾਲ ਸੰਬੰਧਿਤ ਗਠੀਆ
- ਟਾਵੀਂ ਟਾਵੀਂ ਹੋਣ ਵਾਲੀ ਬੇਤਰਤੀਬੀ ਜੋ ਸਰੀਰ ਦੇ ਕਈ ਹਿੱਸਿਆਂ ਤੇ ਅਸਰ ਪਾ ਸਕਦੀ ਹੈ - ਸੰਯੁਕਤ ਟਿਸ਼ੂ ਦੀ ਬਿਮਾਰੀ । ਉਦਾਹਰਣ ਦੇ ਤੌਰ ਤੇ ਸਿਸਟਮੈਟਿਕ ਲਿਊਪਸ ਇਰਾਈਥੀਮੇਟਸ (ਐਸ.ਐਲ.ਈ)

## 2. ਆਸਟੀਓ ਆਰਥੀਰਾਈਟਸ

ਇਹ ਇਕ ਬਹੁਤ ਹੀ ਆਮ ਹਾਲਾਤ ਹੈ ਜਿਥੇ ਲਚੀਲੀ ਹੱਡੀ ਪਤਲੀ ਹੋ ਜਾਂਦੀ ਹੈ ਅਤੇ ਨੁਕਸਾਨੀ

ਜਾਂਦੀ ਹੈ ਅਤੇ ਜੋੜ ਦੇ ਕਿਨਾਰਿਆਂ ਤੇ ਵਾਧੂ ਹੱਡੀ ਬਣ ਜਾਂਦੀ ਹੈ । ਇਸ ਦੇ ਨਤੀਜੇ ਵਜੋਂ ਜੋੜ ਤੇ ਅਸਾਧਾਰਣ ਜਿਹਾ ਦਬਾਅ ਬਣ ਜਾਂਦਾ ਹੈ ਜਾਂ ਕਈ ਪ੍ਰਕਾਰ ਦੀ ਸੱਟ ਜਾਂ ਜੋੜ ਦੀ ਬਿਮਾਰੀ ਹੋ ਜਾਂਦੀ ਹੈ । ਪਰ ਬਹੁਤ ਸਾਰੇ ਹਾਲਾਤ ਬਿਨਾ ਕਿਸੇ ਕਾਰਨ ਤੋਂ ਵੀ ਉਤਪੰਨ ਹੋ ਜਾਂਦੇ ਹਨ । ਥੱਲਾ (ਹਿਪਸ), ਗੋਡੇ ਅਤੇ ਹੱਥਾਂ ਦੇ ਪ੍ਰਭਾਵਿਤ ਹੋਣ ਦੇ ਜ਼ਿਆਦਾ ਆਸਾਰ ਹੁੰਦੇ ਹਨ ਪਰ ਇਹ ਗਠੀਆ ਕਿਸੇ ਵੀ ਜੋੜ ਨੂੰ ਪ੍ਰਭਾਵਿਤ ਕਰ ਸਕਦਾ  ਹੈ ।

## ੩ ਸੌਫਟ ਟਿਸ਼ੂ ਰਿਊਮੈਟਿਜ਼ਮ

ਇਸ ਵਿਚ ਜੋੜਾਂ ਦੁਆਲੇ ਦਰਦ ਅਤੇ ਛੋਟੀ ਮੋਟੀ ਸੱਟ ਨਾਲ ਦਰਦ ਹੋਣ ਲੱਗ ਪੈਂਦਾ ਹੈ ਜਿਵੇਂ ਪੱਠਿਆਂ ਅਤੇ ਨਸਾਂ ਵਿਚ ਦਰਦ । ਇਸ ਤਰ੍ਹਾਂ ਦਾ ਦਰਦ ਥੋੜ੍ਹੇ ਸਮੇਂ ਤਕ ਹੀ ਰਹਿੰਦਾ ਹੈ ।ਆਮ ਸ਼ਬਦਾਂ ਵਿਚ ਮਾਸਪੇਸ਼ੀਆਂ ਅਤੇ ਜੋੜਾਂ ਵਿਚ ਦਰਦ ਗਠੀਏ ਤੋਂ ਬਿਨਾਂ ਵੀ ਹੋ ਸਕਦਾ ਹੈ ਉਦਾਹਰਣ ਦੇ ਤੌਰ ਤੇ ਫਾਈਬਰੌਸਿਟਿਸ ਅਤੇ

ਫਾਇਬਰੋਮਾਈਐਲਜੀਆ ਦੀਆਂ ਬਿਮਾਰੀਆਂ ਵਿਚ ।

## ੪ ਪਿੱਠ ਦਾ ਦਰਦ

ਇਸ ਹਾਲਤ ਵਿਚ ਪੱਠਿਆਂ, ਜੋੜਾਂ ਅਤੇ ਹੱਡੀਆਂ ਕਾਰਨ ਦਰਦ ਹੋ ਸਕਦਾ ਹੈ । ਦਰਦ ਦੇ ਸਹੀ ਕਾਰਨ ਦਾ ਪਤਾ ਲਾਉਣਾ ਮੁਸ਼ਕਿਲ ਹੋ ਜਾਂਦਾ ਹੈ ਸੋਜਿਸ਼ ਵਾਲੇ ਗਠੀਏ ਵਿਚ ਜਿਵੇਂ ਅਨਕੇਲੋਸਨਿਗ ਸ਼ਪੋਨਦੇਲਟਿਸਿ ਵੀ ਰੀੜ ਦੀ ਹੱਡੀ ਦੇ ਦਰਦ ਦਾ ਕਾਰਨ ਬਣ ਸਕਦਾ ਹੈ । ਓਸਟੋਪਰੋਸਿਸ ਵੀ ਪਿੱਠ ਨੂੰ ਪ੍ਰਭਾਵਿਤ ਕਰ ਸਕਦਾ ਹੈ ਜਿਥੇ ਇਸ ਨੂੰ ਸਪੌਂਡੀਲੌਸਿਸ ਵੀ ਕਿਹਾ ਜਾਂਦਾ ਹੈ । ਰੀੜ ਦੀ ਹੱਡੀ ਦਾ ਓਸਟੋਪਰੋਸਿਸ ਦਰਦ ਦਾ ਕਾਰਨ ਬਣ ਸਕਦਾ ਹੈ ।

## ਗਠੀਆ ਅਤੇ ਜੋੜਾਂ ਦੇ ਦਰਦ ਦਾ ਸ਼ਿਕਾਰ ਕੌਣ ਹੋ ਸਕਦਾ ਹੈ ?

ਇਹ ਬਿਮਾਰੀਆਂ ਸਾਰੀ ਉਮਰ ਦੇ ਲੋਕਾਂ ਨੂੰ ਉਮਰ ਲਿੰਗ ਜਾਤ ਸ਼੍ਰੇਣੀ ਦੇ ਭੇਦ ਭਾਵ ਤੋਂ ਬ਼ਗੈਰ ਕਿਸੇ ਵੀ ਵਿਅਕਤੀ ਨੂੰ ਆਪਣਾ ਸ਼ਿਕਾਰ ਬਣਾ ਸਕਦੀਆਂ ਹਨ ਬਰਤਾਨੀਆ ਵਿਚ ਕਈ ਮਿਲੀਅਨ ਲੋਕ ਇਕ ਸਾਲ ਵਿਚ ਰਿਊਮੈਟਿਕ ਗਠੀਏ ਦਾ ਸ਼ਿਕਾਰ ਹੁੰਦੇ ਹਨ ਪਰ ਕਈ ਲੋਕਾਂ ਦੇ ਸਾਫ ਕਾਰਨ ਸਾਹਮਣੇ ਵੀ ਨਹੀਂ ਆਉਂਦੇ । ੮ ਮਿਲੀਅਨ ਲੋਕ ਆਪਣੇ ਡਾਕਟਰ ਦੀ ਮਦਦ ਹਾਸਲ ਕਰਦੇ ਹਨ ਇਨ੍ਹਾਂ ਵਿਚੋਂ ਇਕ ਮਿਲੀਅਨ ਨੂੰ ਆਸਟਿਅਓ ਆਰਥੀਰਾਈਟਸ ੩੫●,●●● ਲੋਕ ਰਹਉਮਓਟੋਦਿ ੳਰਟਹਰਟਿਸਿ, ਹੋਰਾਂ ਨੂੰ ਸੋਡਟ-ਟਸਿਸੁਏ ਰਹਉਮਓਟਸਿਮ
ਯਾ ਕਿਸੇ ਨੂੰ ਪਿੱਠ ਦਾ ਦਰਦ ਯਾ ਓਸਟੋਪਰੋਸਿਸ ਦੀ ਸ਼ਿਕਾਇਤ ਹੋ ਸਕਦੀ ਹੈ ਇਸ ਤੋਂ ਇਲਾਵਾ ਲਗਭਗ ੧੪੫●● ਬੱਚੇ ਅਤੇ ਕਿਸ਼ੋਰ ਉਮਰ ਦੇ ਜਵਾਨ ਇਸ ਬਿਮਾਰੀ ਤੋਂ ਪ੍ਰਭਾਵਿਤ ਹਨ ।

ਇਨ੍ਹਾਂ ਬਿਮਾਰੀਆਂ ਦਾ ਕਾਰਨ

ਇਨ੍ਹਾਂ ਬਿਮਾਰੀਆਂ ਦਾ ਕਾਰਨ ਤੇ ਕੋਈ ਵੀ ਇਕ ਮਤ ਨਹੀਂ ਹੈ ਇਸ ਬਾਰੇ ਸੰਸਾਰ ਭਰ ਦੇ ਡਾਕਟਰ ਅਤੇ ਹੋਰ ਮਾਹਿਰ ਬੁੱਧੀਜੀਵੀਆਂ ਦੁਆਰਾ ਖੋਜ ਜਾਰੀ ਹੈ ।

ਕੁਝ ਬਿਮਾਰੀਆਂ ਦਾ ਕਾਰਨ ਪਤਾ ਲੱਗਾ ਹੈ ਮਾਪਿਆਂ ਤੇ ਪਰਿਵਾਰ ਤੋਂ ਸੰਤਾਨ ਵਿਚ ਜਾਣ ਬਾਰੇ

ਇਹ ਬਿਮਾਰੀਆਂ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਵਿਚ ਨਹੀਂ ਜਾਂਦੀਆਂ ਫਿਰ ਵੀ ਕੁਝ ਤਰ੍ਹਾਂ ਦੀ ਜੋੜਾਂ ਦੀ ਸੋਜਿਸ਼ ਪਰਿਵਾਰ ਤੋਂ ਦੂਜੇ ਪਰਿਵਾਰ ਵੱਲ ਜਾ ਸਕਦੀ ਹੈ

ਵਾਤਾਵਰਨ ਦੇ ਕਾਰਨ

ਕੁਝ ਪਰਿਸਥਿਤੀਆਂ ਵਿਚ ਵਾਤਾਵਰਨ ਕਾਰਨ ਹੋ ਸਕਦਾ ਹੈ ਛੋਟਾ ਮੋਟਾ ਇਨਫੈਕਸ਼ਨ ਕਿਸੇ ਨਾ

ਕਿਸੇ ਤਰ੍ਹਾਂ ਦੇ ਜੋੜਾਂ ਦੇ ਦਰਦ ਨੂੰ ਜਨਮ ਦੇ ਸਕਦਾ ਹੈ ਇਸ ਬਾਰੇ ਅੑਛ ਦੀ ਖੋਜ ਚੱਲ ਰਹੀ ਹੈ ।

ਹੋਰ ਕਾਰਨ

ਕਦੇ ਕਦੇ ਅਲਰਜਿਕ ਰੀਐਕਸ਼ਨ ਥੋੜ੍ਹ ਚਿਰੇ ਜੋੜਾਂ ਦੀ ਦਰਦ ਦਾ ਕਾਰਨ ਬਣ ਸਕਦਾ ਹੈ । ਕਈ ਤਰ੍ਹਾਂ ਦੇ ਭੋਜਨ ਵੀ ਗਠੀਏ ਨੂੰ ਵਿਗਾੜ ਸਕਦੇ ਹਨ । ਪਰ ਖੁਰਾਕ ਤੇ ਅਲਰਜੀ ਕਿਸੇ ਤਰ੍ਹਾਂ ਲੰਬੀ ਜੋੜਾਂ ਦੀ ਬਿਮਾਰੀ ਦਾ ਕਾਰਨ ਨਹੀਂ ਹੋ ਸਕਦੀ । ਮੌਸਮ ਇਨ੍ਹਾਂ ਬਿਮਾਰੀਆਂ ਦੀਆਂ ਅਲਾਮਤਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ ਪਰ ਕਾਰਨ ਨਹੀਂ ਬਣ ਸਕਦਾ । ਜੇਕਰ ਤੁਹਾਨੂੰ ਇਹ ਬਿਮਾਰਇਆਂ ਹ ਤਾਂ ਤੁਹਾਨੂੰ ਗਰਮੀ ਦਾ ਮੌਸਮ ਚੰਗਾ ਲੱਗੇਗਾ ਪਰ ਜੋੜਾਂ ਦੀ ਸੋਜਿਸ਼ ਦੀ ਬਿਮਾਰੀ ਗਰਮੀ ਅਤੇ ਸੁੱਕੇ ਮੌਸਮ ਵਾਲਿਆਂ ਮੁਲਕਾਂ ਵਿਚ ਵੀ ਦੇਖੀ ਜਾ ਸਕਦੀ ਹੈ